# ਤੁਸੀਂ ਫਾਰਮੇਸੀ ਜਾ ਕੇ ਉੱਥੋਂ ਕੀ ਉਮੀਦ ਕਰ ਸਕਦੇ ਹੋ

ਬੀ ਸੀ ਵਿੱਚ ਫਾਰਮਾਸਿਸਟ ਅਤੇ ਫਾਰਮੇਸੀ ਟੈਕਨੀਸ਼ੀਅਨ ਲਾਇਸੈਂਸਦਾਰ ਸਿਹਤ ਪੇਸ਼ਾਵਰ ਹਨ, ਜਿਨ੍ਹਾਂ ਦਾ ਫ਼ਰਜ਼ ਨੈਤਿਕਤਾ, ਬਰਾਬਰੀ, ਅਤੇ ਸਭਿਆਚਾਰਕ ਤੌਰ 'ਤੇ ਸੁਰੱਖਿਅਤ ਢੰਗ ਨਾਲ ਲੋਕਾਂ ਨੂੰ ਉਹਨਾਂ ਦੇ ਲੋੜੀਂਦੇ ਸਿਹਤ ਨਤੀਜਿਆਂ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਸੁਰੱਖਿਅਤ ਫਾਰਮੇਸੀ ਦੇਖਭਾਲ ਪ੍ਰਦਾਨ ਕਰਨਾ ਹੈ।



## ਤੁਸੀਂ ਸਭਿਆਚਾਰਕ ਤੌਰ ‘ਤੇ ਸੁਰੱਖਿਅਤ ਅਤੇ ਬਰਾਬਰੀ ਵਾਲੀ ਦੇਖਭਾਲ ਪ੍ਰਾਪਤ ਕਰੋਗੇ

ਤੁਹਾਡੀ ਫਾਰਮੇਸੀ ਟੀਮ ਇਨਡਿਜ਼ਨਿਸ, ਕਾਲੇ, ਰੰਗਦਾਰ ਲੋਕ, 2 ਐੱਸ/ ਐੱਲ ਜੀ ਬੀ ਟੀ ਕਿਊ ਆਈ ਐੱਨ ਏ + ਅਤੇ ਹੋਰ ਭਾਈਚਾਰਿਆਂ ਦੀਆਂ ਲੋੜਾਂ ਦਾ ਸਤਿਕਾਰ ਕਰਦੀ ਹੋਈ ਨਿਰਪੱਖ, ਕਿਸੇ ਵੀ ਅਧਾਰ ’ਤੇ ਪੱਖਪਾਤ ਅਤੇ ਵਿਤਕਰੇ ਤੋਂ ਮੁਕਤ ਦੇਖਭਾਲ ਪ੍ਰਦਾਨ ਕਰੇਗੀ।



## ਤੁਹਾਡੀ ਦਵਾਈ ਤੁਹਾਡੇ ਲਈ ਸਹੀ ਹੈ

ਤੁਹਾਡੀ ਫਾਰਮੇਸੀ ਟੀਮ ਤੁਹਾਡੇ ਸਿਹਤ ਰਿਕਾਰਡਾਂ ਦੀ ਜਾਂਚ ਕਰਨ ਲਈ ਸਮਾਂ ਲਾਵੇਗੀ ਅਤੇ ਯਕੀਨੀ ਬਣਾਵੇਗੀ ਕਿ ਤੁਹਾਡੀਆਂ ਦਵਾਈਆਂ ਸੁਰੱਖਿਅਤ, ਉਚਿਤ ਅਤੇ ਸਪਸ਼ਟ ਤੌਰ 'ਤੇ ਲੇਬਲ ਲੱਗੇ ਵਾਲੀਆਂ ਹੋਣ।



## ਤੁਹਾਡਾ ਫਾਰਮਾਸਿਸਟ ਤੁਹਾਡੇ ਨਾਲ ਤੁਹਾਡੀ ਦਵਾਈ ਬਾਰੇ ਗੱਲ ਕਰੇਗਾ

ਤੁਹਾਡਾ ਫਾਰਮਾਸਿਸਟ ਤੁਹਾਡੀ ਦਵਾਈ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ, ਇਸ ਨੂੰ ਸਹੀ ਢੰਗ ਨਾਲ ਕਿਵੇਂ ਲੈਣਾ ਹੈ, ਅਤੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ ਸਮਾਂ ਲਾਵੇਗਾ।



## ਤੁਹਾਡੀ ਪਰਦੇਦਾਰੀ ਦਾ ਆਦਰ ਕੀਤਾ ਜਾਂਦਾ ਹੈ

ਤੁਹਾਨੂੰ ਅਜਿਹੀ ਜਗ੍ਹਾ ਵਿੱਚ ਦੇਖਭਾਲ ਮਿਲੇਗੀ , ਜਿੱਥੇ ਤੁਸੀਂ ਅਰਾਮਦੇਹ ਮਹਿਸੂਸ ਕਰੋਗੇ।



## ਤੁਹਾਡੇ ਸਿਹਤ ਰਿਕਾਰਡ ਸਹੀ ਅਤੇ ਸੁਰੱਖਿਅਤ ਹਨ

ਤੁਹਾਡੀ ਫਾਰਮੇਸੀ ਟੀਮ ਤੁਹਾਡੇ ਸਿਹਤ ਰਿਕਾਰਡਾਂ ਅਤੇ ਦਵਾਈਆਂ ਦੇ ਇਤਿਹਾਸ (ਹਿਸਟਰੀ) ਦੀ ਇਹ ਯਕੀਨੀ ਬਣਾਉਂਦਿਆਂ ਕਿ ਉਹ ਸਹੀ, ਅੱਪ-ਟੂ-ਡੇਟ, ਅਤੇ ਨੁਕਸਾਨ, ਚੋਰੀ, ਜਾਂ ਗਲਤ ਵਰਤੋਂ ਤੋਂ ਸੁਰੱਖਿਅਤ ਹਨ, ਰੱਖਿਆ ਕਰੇਗੀ।

College of Pharmacists
of British Columbia

**ਲੋਕ ਹਿੱਤ ਲਈ ਫਾਰਮੇਸੀਆਂ ਅਤੇ ਫਾਰਮੇਸੀ ਪੇਸ਼ਾਵਰਾਂ ਨੂੰ ਨਿਯਮਬੱਧ ਕਰਦੇ ਹਾਂ।**

ਪ੍ਰਸ਼ਨ ਜਾਂ ਸਰੋਕਾਰ? ਸਾਨੂੰ ਦੱਸੋ।
Complaints@bcpharmacists.org
604-773-2440 ਜਾਂ 800-663-1940

200-1765 West 8th Ave.
Vancouver, BC V6J 5C6

ਟੋਕਵਾਟ, ਨਿਊ-ਚਾਹ-ਨੂਲਥ ਨੇਸ਼ਨ, ਅਤੇ ਸੈਕੂਪਿਊਐਮ ਸੀ (ਸੂਅਸਵੈਪ) ਨੇਸ਼ਨ ਤੋਂ ਬੇਜਾ ਮੋਰਗਨ ਬੈਂਕ ਦੁਆਰਾ ਡਿਜ਼ਾਈਨ ਕੀਤੇ ਚਿੱਤਰ।